ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ

ਵਾਤਾਵਰਣ ਭਵਨ, ਨਾਭਾ ਰੋਡ, ਮੁੱਖ ਦਫਤਰ, ਪਟਿਆਲਾ

ਇ.ਇ.

ਨੰਬਰ ਸੀ:ਈ:ਈ:(ਹੈ:ਕੁ)/ਫ.ਨੰ:281/2015/ 244

ਮਿਤੀ 4.8.15

ਦਫਤਰੀ ਹੁਕਮ

ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਉਦਯੋਗਪਤੀਆਂ ਨੂੰ ਜਾਰੀ ਕੀਤੇ ਜਾਂਦੇ ਕੰਨਸੈਂਟ ਟੂ ਅਸਟੈਬਲਿਸ਼ (ਐਨ.ਓ.ਸੀ.) ਦੀ ਮਿਆਦ ਵਿੱਚ ਵਾਧਾ ਕਰਨ ਸਬੰਧੀ ਮਾਮਲਾ ਬੋਰਡ ਦੀ 168ਵੀਂ ਮੀਟਿੰਗ ਜੋ ਕਿ ਮਿਤੀ 15/7/2015 ਨੂੰ ਹੋਈ, ਦੀ ਆਈਟਮ ਨੰਬਰ 168.07 ਰਾਹੀਂ ਵਿਚਾਰਿਆ ਗਿਆ ਅਤੇ ਬੋਰਡ ਵਲੋਂ ਹੇਠ ਲਿਖੇ ਅਨੁਸਾਰ ਫੈਸਲਾ ਕੀਤਾ ਗਿਆ ਹੈ:

"ਜੇਕਰ ਪ੍ਰੋਜੈਕਟ ਈ.ਆਈ.ਏ. ਨੋਟੀਫਿਕੇਸ਼ਨ ਮਿਤੀ 14/9/2006 ਅਧੀਨ ਕਵਰ ਨਹੀਂ ਹੁੰਦਾ ਤਾਂ ਉਦਯੋਗਪਤੀ ਪ੍ਰੋਜੈਕਟ ਦੇ ਚਾਲੂ ਹੋਣ ਦੇ ਸਮੇਂ ਅਨੁਸਾਰ, ਪਹਿਲੇ ਇੱਕ ਸਾਲ ਦੀ ਪੂਰੀ ਐਨ.ਓ.ਸੀ. ਫੀਸ ਅਤੇ ਅਗਲੇ ਜਿੰਨੇ ਸਾਲਾਂ ਵਾਸਤੇ ਉਦਯੋਗਪਤੀ ਨੂੰ ਐਨ.ਓ.ਸੀ. ਚਾਹੀਦਾ ਹੈ (ਜਿਹੜਾ ਕਿ 5 ਸਾਲ ਤੋਂ ਵੱਧ ਨਹੀਂ ਹੋਵੇਗਾ), ਉਨੇ ਸਮੇਂ ਦੀ ਅੱਧੀ ਫੀਸ ਪ੍ਰਤੀ ਸਾਲ ਜਮ੍ਹਾਂ ਕਰਵਾ ਕੇ, ਉਸ ਅਨੁਸਾਰ ਇਕ ਸਾਲ ਜਾਂ ਵੱਧ ਸਮੇ ਲਈ ਐਨ.ਓ.ਸੀ ਲੈ ਸਕਦਾ ਹੈ। ਪਰ ਜੇਕਰ ਪ੍ਰੋਜੈਕਟ/ਪਲਾਂਟ ਮਿੱਥੇ 5 ਸਾਲਾਂ ਵਿੱਚ ਚਾਲੂ ਨਹੀਂ ਹੁੰਦਾ ਤਾਂ ਉਦਯੋਗਪਤੀ ਨੂੰ ਪਹਿਲਾਂ ਜਾਰੀ ਕੀਤੇ ਐਨ.ਓ.ਸੀ. ਦੀ ਮਿਆਦ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ ਅਤੇ ਉਹ ਬੋਰਡ ਤੋਂ ਉਸ ਸਮੇਂ ਦੌਰਾਨ (5 ਸਾਲ ਬਾਅਦ) ਪ੍ਰਚੱਲਤ ਗਾਈਡ ਲਾਈਨਜ਼ ਅਨੁਸਾਰ ਨਵਾਂ ਐਨ.ਓ.ਸੀ. ਲੈਣ ਲਈ ਅਪਲਾਈ ਕਰੇਗਾ।"

ਇਹ ਹੁਕਮ ਤੁਰੰਤ ਲਾਗੂ ਹੋਣਗੇ।

ਚੇਅਰਮੈਨ

ਪਿੱਠ ਅੰਕਣ ਨੰਬਰ: ਸੀ:ਈ:ਈ:(ਹੈ:ਕੁ)/ਫ.ਨੰ:281/2015/ 32567-605 ਮਿਤੀ 4.8.15

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਹਿੱਤ ਭੇਜਿਆ ਜਾਂਦਾ ਹੈ:

1 ਮੁੱਖ ਵਾਤਾ: ਇੰਜੀ:, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ/PBIP/ਲੁਧਿਆਣਾ/ਜਲੰਧਰ।

2 ਸੀਨੀਅਰ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਜੋਨਲ ਦਫਤਰ-1/2/ ਪਟਿਆਲਾ/ਲੁਧਿਆਣਾ-1/2/ਜਲੰਧਰ/ਸ੍ਰੀ ਅੰਮ੍ਰਿਤਸਰ ਅਤੇ ਬਠਿੰਡਾ।

3 ਸੀਨੀਅਰ ਵਾਤਾ: ਇੰਜੀਨੀਅਰ (ਹੈ:ਕੁ-1/2/3), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

4 ਸੀਨੀਅਰ ਵਿਗਿਆਨਕ ਅਫਸਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

5 ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਪਟਿਆਲਾ/ ਲੁਧਿਆਣਾ-1/2/3/4/ਜਲੰਧਰ/ਸ੍ਰੀ ਅੰਮ੍ਰਿਤਸਰ/ਹੁਸ਼ਿਆਰਪੁਰ/ਬਟਾਲਾ/ਸੰਗਰੂਰ/ਬਠਿੰਡਾ/ ਫਰੀਦਕੋਟ/ ਸ੍ਰੀ ਫਤਹਿਗੜ੍ਹ ਸਾਹਿਬ/ਐਸ.ਏ.ਐਸ. ਨਗਰ।

6 ਵਾਤਾਵਰਣ ਇੰਜੀਨੀਅਰ (ਉਸਾਰੀ/ਸੀ.ਐਸ.ਏ/ਮੇਗਾ/SEIAA/SEAC), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

7 ਵਿਗਿਆਨਕ ਅਫਸਰ (ਹਵਾ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

8 ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ), ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

9 ਪ੍ਰਬੰਧਕੀ ਅਫਸਰ-1/2, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

10 ਡਿਪਟੀ ਡਾਇਰੈਕਟਰ (ਪੀ.ਆਰ)/ਸੀਨੀਅਰ ਕਾਨੂੰਨੀ ਅਫਸਰ-1/2, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਪਟਿਆਲਾ।

ਮੈਂਬਰ ਸਕੱਤਰ

Endst 2623-27 Dated 6/8/15

A copy of the above is forwarded to AEE I/II/III / JEE I/II for information